A-11
2024/11138
30/5/2024

ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ-ਸਟੇਟ ਪ੍ਰੋਜੈਕਟ ਡਾਇਰੈਕਟਰ
ਸਮੱਗਰਾ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)
ਵਿੱਦਿਆ ਭਵਨ, ਈ ਬਲਾਕ, ਪੰਜਵੀਂ ਮੰਜ਼ਿਲ, ਫੇਜ਼-8, ਐਸ.ਏ.ਐਸ. ਨਗਰ, ਪੰਜਾਬ

ਵੱਲ

1. ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ./ਐ.ਸਿੱ.) (ਨੋਟਿਸ ਬੋਰਡ ਰਾਹੀਂ)
2. ਸਮੂਹ ਪ੍ਰਿੰਸੀਪਲ ਜ਼ਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾਵਾਂ (ਨੋਟਿਸ ਬੋਰਡ ਰਾਹੀਂ
3. ਸਮੂਹ ਸਕੂਲ ਮੁੱਖੀ (ਵੈਬਸਾਇਟ ਰਾਹੀਂ)

ਮੀਮੋ ਨੰ. ਸਮੱਗਰਾ/ਪਲਾਨ/2024/133543 ਮਿਤੀ: 30.05.2024

ਵਿਸ਼ਾ: **ਸਕੂਲ ਸਿੱਖਿਆ ਸੰਸਥਾਵਾਂ ਵਿੱਚ 31 ਮਈ 2024 ਨੂੰ " World No Tobacco Day" ਮਨਾਉਣ ਸਬੰਧੀ।**

1.0 ਜਿਵੇਂ ਕਿ ਆਪ ਸਭ ਜਾਣਦੇ ਹੋ ਕਿ ਵਿਸ਼ਵ ਭਰ ਵਿੱਚ 31 ਮਈ ਨੂੰ " **World No Tobacco Day**" ਮਨਾਇਆ ਜਾਂਦਾ ਹੈ।

2.0 ਸਕੂਲ/ਵਿਦਿਅਕ ਸੰਸਥਾਵਾਂ ਨੂੰ ਤੰਬਾਕੂ ਫਰੀ ਬਣਾਉਣ ਅਤੇ ਤੰਬਾਕੂ ਦੇ ਸੇਵਨ ਦੇ ਮਾੜੇ ਪ੍ਰਭਾਵਾਂ ਬਾਰੇ ਸਮਾਜ ਵਿੱਚ ਜਾਗਰੂਕਤਾ ਫੈਲਾਉਣ ਲਈ ਮਿਤੀ 31 ਮਈ 2024 ਨੂੰ ਸਕੂਲਾਂ ਵਿੱਚ ਆੱਨਲਾਇਨ " **World No Tobacco Day**" ਮਨਾਇਆ ਜਾਵੇ। ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿੱ./ਸੈ.ਸਿੱ.) ਵੱਲੋਂ ਹੇਠ ਲਿਖੇ ਅਨੁਸਾਰ ਕਾਰਵਾਈ ਕਰਨੀ ਯਕੀਨੀ ਬਣਾਈ ਜਾਵੇ:-

2.1 ਜਿਲ੍ਹਾ ਸਿੱਖਿਆ ਅਫਸਰਾਂ ਵੱਲੋਂ ਆਪਣੇ ਦਫ਼ਤਰ/ਸਕੂਲ ਦੇ ਅਮਲੇ ਨਾਲ ਮੀਟਿੰਗ ਕੀਤੀ ਜਾਵੇ ਅਤੇ ਸਮੂਹ ਅਮਲੇ ਨੂੰ ਕੋਟਪਾ ਐਕਟ ਐਕਟ 2003 ਦੀ ਧਾਰਾ 6 ਅਤੇ ਜੁਵੇਨਾਈਲ ਜ਼ਸਟਿਸ ਐਕਟ 2005 ਬਾਰੇ ਜਾਣੂ ਕਰਵਾਇਆ ਜਾਵੇ।

2.2 ਤੰਬਾਕੂ ਕੰਟਰੋਲ ਸਬੰਧੀ ਹਰ ਜਿਲ੍ਹਾ ਸਿੱਖਿਆ ਅਫਸਰ ਦੇ ਦਫਤਰ ਵਿਖੇ, ਹਰ ਸਿੱਖਿਆ ਤੇ ਸਿਖਲਾਈ ਸੰਸਥਾ ਤੇ ਹਰ ਸਕੂਲ ਵਿਖੇ ਤੰਬਾਕੂ ਕੰਟਰੋਲ ਐਕਟ ਦੀ ਪਾਲਣਾ ਹਿੱਤ ਇੱਕ ਨੋਡਲ ਅਫਸਰ ਨਿਯੁਕਤ ਕੀਤਾ ਜਾਵੇ ਅਤੇ ਉਸ ਦੇ ਨਾਮ ਤੇ ਸੰਪਰਕ ਨੰਬਰ ਵਿੱਦਿਅਕ ਸੰਸਥਾ/ਸਕੂਲ/ਦਫਤਰ ਦੀ ਬਾਹਰਲੀ ਦੀਵਾਰ ਤੇ ਪ੍ਰਦਰਸ਼ਿਤ ਕੀਤਾ ਜਾਵੇ।

2.3 ਹਰ ਸਕੂਲ/ਵਿਦਿਅਕ ਸੰਸਥਾ ਵਿਖੇ ਪਹਿਲਾਂ ਦੀ ਦਿਸ਼ਾ ਨਿਰਦੇਸ਼ਾਂ ਅਨੁਸਾਰ ਤੰਬਾਕੂ ਕੰਟਰੋਲ ਕਮੇਟੀ ਦਾ ਗਠਨ ਕੀਤਾ ਜਾਵੇ। ਕਮੇਟੀ ਵੱਲੋਂ ਇਹ ਚੈੱਕ ਕੀਤਾ ਜਾਵੇ ਕਿ ਸਕੂਲ/ਵਿਦਿਅਕ ਸੰਸਥਾਵਾਂ ਦੇ ਅੰਦਰ ਅਤੇ 100 ਗਜ਼ ਦੇ ਘੇਰੇ ਅੰਦਰ ਤੰਬਾਕੂ ਅਤੇ ਤੰਬਾਕੂ ਯੁਕਤ ਪਦਾਰਥ (ਗੁਟਕਾ, ਪਾਨ ਮਸਾਲਾ ਆਦਿ) ਦੀ ਵਿਕਰੀ ਤਾਂ ਨਹੀਂ ਹੋ ਰਹੀ ਹੈ। ਇਸ ਕਮੇਟੀ ਵੱਲੋਂ ਇਹ ਵੀ ਚੈੱਕ ਕੀਤਾ ਜਾਵੇ ਕਿ ਇਸ ਸਬੰਧੀ ਜਰੂਰੀ ਸੰਕੇਤ ਸਕੂਲ ਦੇ ਮੁੱਖ ਗੇਟ ਅਤੇ ਬਾਹਰੀ ਦਿਵਾਰਾਂ ਤੇ ਦਰਸਾਏ ਗਏ ਹਨ।

2.4 ਜੇਕਰ ਵਿਦਿਅਕ ਸੰਸਥਾ ਦੇ 100 ਗਜ਼ ਦੇ ਘੇਰੇ ਅੰਦਰ ਕੋਈ ਵੀ ਤੰਬਾਕੂ ਉਤਪਾਦਾਂ ਦੀ ਵਿਕਰੀ ਪਾਈ ਜਾਂਦੀ ਹੈ, ਤਾਂ ਉਸ ਨੂੰ ਬੰਦ ਕਰਵਾਉਣ ਲਈ ਪੁਲਿਸ ਅਤੇ ਪੰਚਾਇਤ/ਮਿਉਸਿਪਲ ਕਮੇਟੀ ਦੀ ਮਦਦ ਲਈ ਜਾਵੇ।

2.5 ਹਰ ਸਕੂਲ/ਵਿਦਿਅਕ ਸੰਸਥਾ ਆਪਣੇ ਆਪ ਨੂੰ ਤੰਬਾਕੂ ਮੁਕਤ ਘੋਸ਼ਿਤ ਕਰੇ ਅਤੇ ਇਸ ਸਬੰਧ ਵਿੱਚ 'ਇਹ ਇਮਾਰਤ ਤੰਬਾਕੂ ਮੁਕਤ ਹੈ' ਦੇ ਪੋਸਟਰ ਸਕੂਲਾਂ ਵਿੱਚ ਲਗਾਏ ਜਾਣ (Annexure A)

2.6 ਮਿਤੀ 30 ਤੋਂ 31 ਮਈ ਤੱਕ ਆਪਣੀ ਸੁਵਿਧਾ ਅਨੁਸਾਰ ਕਿਸੇ ਵੀ ਇੱਕ ਦਿਨ ਤੰਬਾਕੂ ਦੇ ਮਾੜੇ ਪ੍ਰਭਾਵਾਂ ਸਬੰਧੀ ਜਾਗਰੂਕਤਾ ਮੁਹਿੰਮ ਚਲਾਉਂਦੇ ਹੋਏ ਵਿਦਿਆਰਥੀਆਂ ਦੀ ਆੱਨ ਲਾਇਨ ਭਾਸ਼ਣ ਪ੍ਰਤੀਯੋਗਿਤਾ, ਕਵਿਤਾ ਤੇ ਲੇਖ ਪ੍ਰਤੀਯੋਗਿਤਾ, ਤੰਬਾਕੂ ਵਿਰੋਧੀ ਸਲੋਗਨ, ਪੇਟਿੰਗ ਮੁਕਾਬਲੇ ਅਤੇ ਨੁਕੜ/ ਨਾਟਕ ਆਦਿ ਕਰਵਾਏ ਜਾਣ ਅਤੇ ਗਰਮੀਆਂ ਦੀ ਛੁੱਟੀਆ ਤੋ ਬਾਅਦ ਸਥਾਨਕ ਲੋਕਾਂ ਨੂੰ ਜਾਗੂਰਕ ਕਰਨ ਲਈ ਰੈਲੀਆਂ ਵੀ ਕੱਢੀਆਂ ਜਾਣ।

2.7 ਹਰ ਸਕੂਲ/ਵਿਦਿਅਕ ਸਸੰਥਾ ਵਿਖੇ ਸਮੂੰਹ ਸਟਾਫ ਅਤੇ ਵਿਦਿਆਰਥੀਆਂ ਵੱਲੋਂ ਮਿਤੀ 31.05.2024 ਨੂੰ ਸਵੇਰੇ ਆੱਨ ਲਾਇਨ ਸੰਹੁ ਚੁੱਕੀ ਜਾਵੇ।

" ਮੈਂ ਵਾਅਦਾ ਕਰਦਾ/ਕਰਦੀ ਹਾਂ ਕਿ ਪੂਰੀ ਜਿੰਦਗੀ ਕਿਸੇ ਵੀ ਤਰ੍ਹਾਂ ਦੇ ਤੰਬਾਕੂ ਪਦਾਰਥ ਦੀ ਕਿਸੀ ਰੂਪ ਵਿੱਚ ਵਰਤੋਂ ਨਹੀਂ ਕਰਾਂਗਾ/ਕਰਾਂਗੀ। ਮੈਂ ਇਹ ਵੀ ਵਾਅਦਾ ਕਰਦਾ/ਕਰਦੀ ਹਾਂ ਕਿ ਜੇਕਰ ਮੇਰੇ ਪਰਿਵਾਰ ਦਾ ਕੋਈ ਵੀ ਮੈਂਬਰ ਜਾਂ ਰਿਸਤੇਦਾਰ ਅਤੇ ਮਿੱਤਰ ਕਿਸੇ ਵੀ ਰੂਪ ਵਿੱਚ ਤੰਬਾਕੂ ਦੀ ਵਰਤੋਂ ਕਰਦਾ/ਕਰਦੀ ਹੈ ਤਾਂ ਮੈਂ ਉਸ ਨੂੰ ਤੰਬਾਕੂ ਦੇ ਮਾੜੇ ਸੇਵਨ ਬਾਰੇ ਜਾਗਰੂਕ ਕਰਾਂਗਾ/ਕਰਾਂਗੀ ਅਤੇ ਉਸ ਦੀ ਇਹ ਆਦਤ ਛੁਡਵਾਉਣ ਵਿੱਚ ਉਸਦੀ ਮਦਦ ਕਰਾਂਗਾ/ਕਰਾਂਗੀ।'

3.0 ਜਿਲ੍ਹਾ ਸਿੱਖਿਆ ਅਫਸਰ (ਐ.ਸਿੱ./ਸੈ.ਸਿੱ.) ਵੱਲੋਂ ਉਕਤ ਹਦਾਇਤਾਂ ਦੀ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

**ਡਿਪਟੀ ਸਟੇਟ ਪ੍ਰੋਜੈਕਟ ਡਾਇਰੈਕਟਰ,**
**ਸਮੱਗਰਾ ਸਿੱਖਿਆ ਅਭਿਆਨ ਪੰਜਾਬ।**







**ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਬਠਿੰਡਾ**

ਪਿਠ ਅੰਕਣ ਨੰ :ਜੀ-1/4 ( )2024/ ੧੦੫੨ ਮਿਤੀ: 30/05/2024

ਉਕਤ ਦਾ ਉਤਾਰਾ ਸਬੰਧਤ ਸਕੂਲ ਮੁਖੀਆਂ ਨੂੰ ,ਤੁਰੰਤ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ।

30/5/24

ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ)

ਬਠਿੰਡਾ ।